Course Title: Punjabi

QUESTION 1 ਪੰਜਾਬੀ ਸ਼ਬਦ 'ਭਾਲ' ਲਈ ਅੰਗਰੇਜ਼ੀ ਪਦ 'ਸਰਚ' ਵਰਤਿਆ ਜਾਂਦਾ ਹੈ, 'search' ਸ਼ਬਦ ਦਾ ਮੂਲ ਧਾਤੂ "cerchier" ਕਿਸ ਭਾਸ਼ਾ ਦਾ ਸ਼ਬਦ ਹੈ?

Option A ਯੂਨਾਨੀ

Option B ਜਰਮਨੀ

Option C ਫ੍ਰਾਂਸੀਸੀ

Option D ਹਿਬਰਿਊ

QUESTION 2 ਅਰਬੀ, ਫ਼ਾਰਸੀ ਅਤੇ ਉਰਦੂ ਵਿਚ 'ਖੋਜ' ਲਈ ਮੂਲ ਰੂਪ ਵਿਚ ਸ਼ਬਦ ਵਰਤਿਆ ਜਾਂਦਾ ਹੈ:

Option A ਤਹਕੀਕ

Option B ਸ਼ੋਧ

Option C ਅਨੁਸੰਧਾਨ

Option D ਜਿਗਿਆਸਾ

QUESTION 3 'ਖੋਜ ਪੱਤ੍ਰਿਕਾ' ਖੋਜ ਜਰਨਲ ਦਾ ਪ੍ਰਕਾਸ਼ਨ ਹੁੰਦਾ ਹੈ-

Option A ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ

Option B ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਤੋਂ

Option C ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ

Option D ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ

QUESTION 4 ਪੰਜਾਬੀ ਖੋਜ ਨਾਲ ਸੰਬੰਧਿਤ ਰਸਾਲਿਆਂ ਦਾ ਕਿਹੜਾ ਜੁੱਟ ਸਹੀ ਹੈ?

Option A ਸ਼ਬਦ, ਪਰਖ, ਪ੍ਰਤੀਮਾਨ ਅਤੇ ਪ੍ਰਵਚਨ

Option B ਪਰਖ, ਖੋਜ ਦਰਪਣ, ਆਲੋਚਨਾ ਅਤੇ ਸਮਦਰਸ਼ੀ

Option C ਖੋਜ ਪੱਤ੍ਰਿਕਾ, ਆਲੋਚਨਾ, ਸਿਰਜਣਾ ਅਤੇ ਸ਼ਬਦ

Option D ਕਹਾਣੀ ਧਾਰਾ, ਖੋਜ ਦਰਪਣ, ਪੰਜਾਬੀ ਦੁਨੀਆਂ ਅਤੇ ਸਮਦਰਸ਼ੀ

QUESTION 5 (A) ਕਥਨ: ਹਰ ਭਾਸ਼ਾ ਦੀ ਬਣਤਰ ਅਤੇ ਵਰਤੋਂ ਵਿਚ ਬਦਲਾਅ ਹੁੰਦਾ ਰਹਿੰਦਾ ਹੈ ਪਰ ਇਹ ਬਦਲਾਅ ਭਾਸ਼ਾ ਦੇ ਮੂਲ ਜੁੱਸੇ 'ਤੇ ਦੇਰ ਨਾਲ ਅਸਰ ਪਾਉਂਦਾ ਹੈ।

(R) ਕਾਰਨ: ਕਿਉਂਕਿ ਭਾਸ਼ਾ ਦੀ ਵਿਆਕਰਨ ਸਥਿਰ ਰਹਿੰਦੀ ਹੈ ਇਸ ਕਰਕੇ ਲੰਮਾ ਚਿਰ ਇਸ ਉਪਰ ਕੋਈ ਅਸਰ ਨਹੀਂ ਪੈਂਦਾ।

Option A ਕਥਨ ਸਹੀ ਹੈ ਅਤੇ ਕਾਰਨ ਸਹੀ ਵਿਆਖਿਆ ਹੈ।

Option B ਕਥਨ ਗਲਤ ਹੈ ਪਰ ਕਾਰਨ ਸਹੀ ਹੈ।

Option C ਕਥਨ ਸਹੀ ਹੈ ਪਰ ਕਾਰਨ ਗਲਤ ਹੈ।

Option D ਕਥਨ ਅਤੇ ਕਾਰਨ ਦੋਵੇਂ ਅੰਸ਼ਿਕ ਤੌਰ 'ਤੇ ਸਹੀ ਹਨ।